# ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ
(ਅਮਲਾ -7 ਸ਼ਾਖਾ)

ਵੱਲ

1) ਸਮੂਹ ਸਿਵਲ ਸਰਜਨ,
ਪੰਜਾਬ ਰਾਜ ।
2) ਪੰਜਾਬ ਰਾਜ ਦੇ ਸਮੂਹ ਮੈਡੀਕਲ ਸੁਪਰਡੰਟ ਸਮੇਤ ਈ.ਐਸ.ਆਈ. ਹਸਪਤਾਲ।
3) ਡਿਪਟੀ ਡਾਇਰੈਕਟਰ, ਮਲੇਰੀਆ, ਪੰਜਾਬ, ਚੰਡੀਗੜ੍ਹ ।
4) ਕੈਮੀਕਲ ਐਗਜਾਮੀਨਰ, ਖਰੜ ਜਿਲ੍ਹਾ ਮੁਹਾਲੀ ।
5) ਲੋਕ ਵਿਸਲੇਸ਼ਕ, ਪੰਜਾਬ ਚੰਡੀਗੜ੍ਹ।
6) ਬੈਕਟੀਰੀਆਲੋਜਿਸਟ, ਸਟੇਟ ਪਬਲਿਕ ਹੈਲਥ ਲਬਾਰਟਰੀ, ਪੰਜਾਬ, ਚੰਡੀਗੜ੍ਹ
7) ਜੋਨਲ ਮਲੇਰੀਆ ਅਫਸਰ, ਪਟਿਆਲਾ, ਜਲੰਧਰ ਅਤੇ ਫਿਰੋਜਪੁਰ,
8) ਪ੍ਰਿੰਸੀਪਲ ਮੈਡੀਕਲ ਅਫਸਰ, ਬੀ.ਬੀ.ਐਮ.ਬੀ. ਹਸਪਤਾਲ, ਨੰਗਲ, ਤਲਵਾੜਾ ਅਤੇ ਸੁੰਦਰਨਗਰ ।
9) ਸੀਨੀਅਰ ਮੈਡੀਕਲ ਅਫਸਰ ਇੰਚਾਰਜ਼ ਐਮ.ਐਲ.ਏ. ਹੋਸਟਲ ਡਿਸਪੈਂਸਰੀ, ਪੰਜਾਬ, ਚੰਡੀਗੜ੍ਹ
10) ਮੈਡੀਕਲ ਅਫਸਰ ਇੰਚਾਰਜ ਸਿਵਲ ਡਿਸਪੈਂਸਰੀ, ਪੰਜਾਬ ਭਵਨ , ਨਵੀਂ ਦਿੱਲੀ ।

ਮੀਮੋ ਨੰਬਰ ਈ7(5)ਪੰ:-2016/ 690 — 735
ਮਿਤੀ, ਚੰਡੀਗੜ੍ਹ :- 01-03-2016

ਵਿਸ਼ਾ :- ਮਿਤੀ 30-06-2014 ਦੀ ਸਥਿਤੀ ਅਨੁਸਾਰ ਐਮ.ਐਲ.ਟੀ. ਗ੍ਰੇਡ-2 ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਜਾਰੀ ਕਰਨ ਸਬੰਧੀ ।

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਸਿਹਤ ਵਿਭਾਗ ਅਧੀਨ ਕੰਮ ਕਰਦੇ ਮੈਡੀਕਲ ਲਬਾਰਟਰੀ ਟੈਕਨੀਸ਼ੀਅਨ ਗ੍ਰੇਡ-2 ਦੀ ਮਿਤੀ 30-06-2014 ਦੀ ਸਥਿਤੀ ਅਨੁਸਾਰ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ, ਜੋ ਨਾਲ ਨੱਥੀ ਕਰਕੇ ਆਪ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਕੰਮ ਕਰਦੇ ਸਮੂਹ ਮੈਡੀਕਲ ਲਬਾਰਟਰੀ ਟੈਕਨੀਸ਼ੀਅਨ ਗ੍ਰੇਡ-2 ਨੂੰ ਇਹ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਲਿਖਤੀ ਰੂਪ ਵਿੱਚ ਨੋਟ ਕਰਵਾ ਦਿੱਤੀ ਜਾਵੇ। ਜੇਕਰ ਇਸ ਪ੍ਰੋਵੀਜ਼ਨਲ ਸੀਨੀਆਰਤਾ ਸਬੰਧੀ ਕਿਸੇ ਕਰਮਚਾਰੀ ਨੂੰ ਇਤਰਾਜ ਹੋਵੇ ਤਾਂ ਉਸਦਾ ਇਤਰਾਜ ਲੋੜੀਦੇ ਸਬੂਤਾਂ/ਦਸਤਾਵੇਜਾਂ ਦੇ ਆਪਣੀ ਟਿੱਪਣੀ ਸਹਿਤ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜਿਆ ਜਾਵੇ।

ਉਕਤ ਤੋਂ ਇਲਾਵਾ ਇਸ ਪ੍ਰੋਵੀਜਨਲ ਸੀਨੀਆਰਤਾ ਸੂਚੀ ਵਿੱਚ ਆਪ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਦਰਸਾਏ ਗਏ ਵੇਰਵੇ ਆਪਣੇ ਪੱਧਰ ਤੇ ਵੀ ਚੈਕ/ਤਸਦੀਕ ਕੀਤੇ ਜਾਣ ਅਤੇ ਖਾਸ ਤੌਰ ਤੇ ਇਹ ਚੈਕ ਕੀਤਾ ਜਾਵੇ ਕਿ ਇਨ੍ਹਾਂ ਵਿੱਚੋਂ ਕੋਈ ਕਰਮਚਾਰੀ ਪਹਿਲਾਂ ਦਫਤਰ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਅਧੀਨ ਤਾਂ ਕੰਮ ਨਹੀਂ ਕਰਦਾ ਸੀ, ਜੇਕਰ ਕਰਦਾ ਸੀ ਤਾਂ ਉਸਨੇ ਕਿਸ ਮਿਤੀ ਨੂੰ ਆਪਣੀ ਡੀ.ਆਰ.ਐਮ.ਈ. ਦੀ ਸੀਨੀਆਰਤਾ ਛੱਡਕੇ ਉਪਰੰਤ ਸਿਹਤ ਵਿਭਾਗ ਅਧੀਨ ਡਿਊਟੀ ਜੁਆਇੰਨ ਕੀਤੀ ਸੀ। ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਵਿੱਚ ਦਰਸਾਏ ਸਾਰੇ ਵੇਰਵੇ ਚੈਕ ਕਰਨ ਉਪਰੰਤ ਜੇਕਰ ਕੋਈ ਖਾਮੀ ਜਾਂ ਤਰੁੱਟੀ ਪਾਈ ਜਾਂਦੀ ਹੈ ਤਾਂ ਮੁੰਕਮਲ ਵੇਰਵਿਆਂ ਸਹਿਤ ਸੂਚਨਾਂ ਇਸ ਦਫਤਰ ਨੂੰ ਭੇਜੀ ਜਾਵੇ। ਜੇਕਰ ਕੋਈ ਖਾਮੀ ਨਹੀਂ ਵੀ ਪਾਈ ਜਾਂਦੀ ਹੈ ਤਾਂ ਸੀਨੀਆਰਤਾ ਵਿੱਚ ਦਰਸਾਏ ਵੇਰਵੇ ਦਰੁਸਤ ਹੋਣ ਸਬੰਧੀ ਵੀ ਇਸ ਦਫਤਰ ਨੂੰ ਸੂਚਨਾਂ/ਰਿਪੋਰਟ ਭੇਜੀ ਜਾਵੇ।

ਮਿਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਇਤਰਾਜਾ ਨੂੰ ਵਿਚਾਰਿਆ ਨਹੀਂ ਜਾਵੇਗਾ। ਮਿਥੇ ਸਮੇਂ ਦੇ ਅੰਦਰ ਅੰਦਰ ਸਬੰਧਤ ਕਰਮਚਾਰੀਆਂ ਨੂੰ ਇਹ ਪ੍ਰੋਵੀਜ਼ਨਲ ਸੀਨੀਆਰਤਾ ਸੂਚੀ ਨੋਟ ਨਾ ਕਰਵਾਉਣ ਅਤੇ ਕਿਸੇ ਕਰਮਚਾਰੀ ਦਾ ਇਤਰਾਜ ਸਮੇਂ ਸਿਰ ਇਸ ਦਫਤਰ ਨੂੰ ਨਾ ਭੇਜਣ ਦੀ ਮੁਕੰਮਲ ਜਿੰਮੇਵਾਰੀ ਆਪ ਦੇ ਦਫਤਰ ਦੀ ਹੋਵੇਗੀ ।

ਨੱਥੀ:- ਉਕਤ ਅਨੁਸਾਰ

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ
25.2.16

ਪਿੱਠ ਅੰਕਣ ਨੰ: ਈ7(5)ਪੰ:-2016/ 736 ਮਿਤੀ, ਚੰਡੀਗੜ੍ਹ 01-0

ਉਤਾਰਾ ਡਾਇਰੈਕਟਰ, ਸਿਹਤ ਸੇਵਾਂਵਾਂ (ਸਬ), ਪੰਜਾਬ ਨੂੰ ਸਮੇਤ ਐਮ.ਐਲ.ਟੀ. ਗ੍ਰੇਡ-2 ਦੀ ਪ੍ਰੋਵਜੀਨਲ ਸੀਨੀਆਰਤਾ ਸੂਚੀ ਦੇ ਸੂਚਨਾਂ ਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ
25.2.16